12-Dec-1Star.qxd 12/13/2021 12:07 AM Page 2

ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਪਿੰਡ ਧਮਾਂਦਾ ਵਿਖੇ ਨਾਇਕ ਜਤਿੰਦਰ ਕੁਮਾਰ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ।

ਚਿਤੂਰ ਜ਼ਿਲ੍ਹੇ ਦੇ ਰੇਗਾਦਾਪੱਲੀ ਵਿਖੇ ਲਾਂਸ ਨਾਇਕ ਸਾਈ ਤੇਜਾ ਦੇ ਅੰਤਿਮ ਸੰਸਕਾਰ ਤੋਂ ਪਹਿਲਾਂ ਸ਼ਹੀਦ ਦੇ ਪਰਿਵਾਰਕ ਮੈਂਬਰ।

ਲੈਫ: ਕਰਨਲ ਹਰਜਿੰਦਰ ਸਿੰਘ ਨੂੰ ਰੱਖਿਆ ਮੰਤਰੀ ਤੇ ਤਿੰਨੇ ਸੈਨਾਵਾਂ ਦੇ ਮੁਖੀਆਂ ਵਲੋਂ ਸ਼ਰਧਾਂਜਲੀ

(ਸਫਾ 1 ਦੀ ਬਾਕੀ)

ਲੈਫ: ਕਰਨਲ ਹਰਜਿੰਦਰ ਸਿੰਘ ਸੀ.ਡੀ.ਐਸ. ਜਨਰਲ ਬਿਪਿਨ ਰਾਵਤ ਦੇ ਸਟਾਫ ਅਧਿਕਾਰੀ ਵਜੋਂ ਸੇਵਾ ਨਿਭਾਅ ਰਹੇ ਸਨ।

ਜਤਿੰਦਰ ਕੁਮਾਰ ਦਾ ਸੈਨਿਕ ਸਨਮਾਨਾਂ ਨਾਲ ਅੰਤਿਮ ਸੰਸਕਾਰ

ਭੋਪਾਲ, (ਏਜੰਸੀ)-ਪਿਛਲੇ ਹਫ਼ਤੇ ਤਾਮਿਲਨਾਡੂ ਦੇ ਕੁਨੂਰ ਵਿਖੇ ਵਾਪਰੇ ਹੈਲੀਕਾਪਟਰ ਹਾਦਸੇ ਸੀ.ਡੀ.ਐਸ. ਜਨਰਲ ਰਾਵਤ ਸਮੇਤ 13 ਹੋਰ ਲੋਕਾਂ ਨਾਲ ਮਾਰੇ ਗਏ ਉਨ੍ਹਾਂ ਦੇ ਨਿੱਜੀ ਸੁਰੱਖਿਆ ਅਧਿਕਾਰੀ (ਪੀ.ਐਸ.ਓ.) ਨਾਇਕ ਜਤਿੰਦਰ ਕੁਮਾਰ ਦਾ ਮੱਧ ਪ੍ਰਦੇਸ਼ 'ਚ ਉਨ੍ਹਾਂ ਦੇ ਜੱਦੀ ਪਿੰਡ ਧਮਾਂਡਾ 'ਚ ਐਤਵਾਰ ਨੂੰ ਪੂਰੇ ਸੈਨਿਕ ਸਨਮਾਨਾਂ ਨਾਲ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ। ਸ਼ਹੀਦ ਜਵਾਨ ਦੇ ਡੇਢ ਸਾਲ ਦੇ ਬੇਟੇ ਨੇ ਆਪਣੇ ਚਾਚੇ ਦੀ ਗੋਦ 'ਚ ਬੈਠ ਕੇ ਸਕੇ-ਸੰਬੰਧੀਆਂ ਤੇ ਪਿੰਡ ਵਾਲਿਆਂ ਦੀ ਹਾਜ਼ਰੀ 'ਚ ਆਪਣੇ ਪਿਤਾ ਨੂੰ ਭਾਵੁਕ ਵਿਦਾਈ ਦਿੱਤੀ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਨਾਇਕ ਜਤਿੰਦਰ ਕੁਮਾਰ ਦੇ ਅੰਤਿਮ ਸੰਸਕਾਰ ਤੋਂ ਪਹਿਲਾਂ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦਿਆਂ ਸੈਨਿਕ ਦੇ ਪਰਿਵਾਰ ਲਈ 1 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕਰਦਿਆਂ ਉਸ ਦੀ ਪਤਨੀ ਨੂੰ ਸਰਕਾਰੀ ਨੌਕਰੀ ਦੇਣ, ਪਿੰਡ ਦੇ ਸਕੂਲ ਦਾ ਨਾਂਅ ਸ਼ਹੀਦ ਦੇ ਨਾਂਅ 'ਤੇ ਰੱਖਣ ਤੋਂ ਇਲਾਵਾ ਉਸ ਦੇ ਨਾਂਅ 'ਤੇ ਪਿੰਡ 'ਚ ਇਕ ਯਾਦਗਾਰ ਬਣਾਉਣ ਦਾ ਐਲਾਨ ਕੀਤਾ ਹੈ। ਇਸ ਮੌਕੇ ਸੂਬੇ ਦੇ ਸਿੱਖਿਆ ਮੰਤਰੀ, ਇਲਾਕੇ ਦੇ ਵਿਧਾਇਕ, ਸੀਨੀਅਰ ਅਧਿਕਾਰੀ ਤੇ ਵੱਡੀ ਗਿਣਤੀ 'ਚ ਲੋਕ ਹਾਜ਼ਰ ਸਨ।

ਲੈਫ. ਕਰਨਲ ਹਰਜਿੰਦਰ ਸਿੰਘ ਦੀ ਬੇਟੀ ਨੂੰ ਦਿਲਾਸਾ ਦਿੰਦੇ ਹੋਏ ਰੱਖਿਆ ਮੰਤਰੀ ਰਾਜਨਾਥ ਸਿੰਘ।

ਹਵਾਲਦਾਰ ਸਤਪਾਲ ਰਾਏ ਦੀ ਮ੍ਰਿਤਕ ਦੇਹ ਪੱਛਮੀ ਬੰਗਾਲ ਪੁੱਜੀ

ਸਿਲੀਗੁਰੀ, (ਏਜੰਸੀ)-ਹੈਲੀਕਾਪਟਰ ਹਾਦਸੇ ਸੀ.ਡੀ.ਐਸ. ਜਨਰਲ ਰਾਵਤ ਨਾਲ ਮਾਰੇ ਗਏ ਉਨ੍ਹਾਂ ਦੇ ਨਿੱਜੀ ਸੁਰੱਖਿਆ ਜਵਾਨ ਹਵਾਲਦਾਰ ਸਤਪਾਲ ਰਾਏ ਦੀ ਮ੍ਰਿਤਕ ਦੇਹ ਐਤਵਾਰ ਨੂੰ ਪੱਛਮੀ ਬੰਗਾਲ ਦੇ ਬਾਗਡੋਗਰਾ ਹਵਾਈ ਅੱਡੇ ਪੁੱਜਣ 'ਤੇ ਭਾਜਪਾ ਸੰਸਦ ਮੈਂਬਰ ਗੌਤਮ ਦੇਬ ਤੇ ਸਰਕਾਰੀ ਅਧਿਕਾਰੀਆਂ ਵਲੋਂ ਉਨ੍ਹਾਂ ਨੂੰ ਭਾਵ-ਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਤੋਂ ਬਾਅਦ ਸ਼ਹੀਦ ਦੀ ਮ੍ਰਿਤਕ ਦੇਹ ਨੂੰ ਫ਼ੌਜ ਦੇ ਫੁੱਲਾਂ ਨਾਲ ਸਜਾਏ ਟਰੱਕ 'ਤੇ ਉਨ੍ਹਾਂ ਦੇ ਦਾਰਜੀਲਿੰਗ ਕਸਬੇ ਦੇ ਨੇੜੇ ਦੇ ਪਿੰਡ ਤਕਦਾਹ ਲਈ ਰਵਾਨਾ ਕਰ ਦਿੱਤਾ ਗਿਆ ਹੈ, ਜਿਥੇ ਸੋਮਵਾਰ ਨੂੰ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਜਾਵੇਗਾ।

ਭਾਰਤ ਹਿੰਦੂਆਂ ਦਾ ਦੇਸ਼ ਹੈ, ਹਿੰਦੂਵਾਦੀਆਂ ਦਾ ਨਹੀਂ-ਰਾਹੁਲ

ਜੈਪੁਰ 'ਚ ਕਾਂਗਰਸ ਵਲੋਂ ਮਹਿੰਗਾਈ ਹਟਾਓ ਰੈਲੀ

ਜੈਪੁਰ, 12 ਦਸੰਬਰ (ਏਜੰਸੀਆਂ)-ਕਾਂਗਰਸੀ ਨੇਤਾ ਰਾਹੁਲ ਗਾਂਧੀ ਨੇ ਐਤਵਾਰ ਨੂੰ ਜੈਪੁਰ 'ਚ ਕਾਂਗਰਸ ਦੀ ਰਾਸ਼ਟਰੀ ਰੈਲੀ 'ਚ ਮੋਦੀ ਸਰਕਾਰ 'ਤੇ ਜੰਮ ਕੇ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਪੂਰਾ ਦੇਸ਼ ਚਾਰ-ਪੰਜ ਉਦਯੋਗਾਂ ਦੇ ਹੱਥ 'ਚ ਹੈ। ਹਰ ਸੰਸਥਾ ਇਕ ਸੰਗਠਨ ਦੇ ਹੱਥ 'ਚ ਹੈ। ਮੰਤਰੀਆਂ ਦੇ ਦਫ਼ਤਰ 'ਚ ਰਾਸ਼ਟਰੀ ਸਵੈਂ ਸੇਵਕ ਸੰਘ ਦੇ ਓ.ਐਸ.ਡੀ. ਹਨ। ਦੇਸ਼ ਨੂੰ ਜਨਤਾ ਨਹੀਂ ਚਲਾ ਰਹੀ ਹੈ, 3-4 ਪੂੰਜੀਪਤੀ ਚਲਾ ਰਹੇ ਹਨ ਅਤੇ ਸਾਡੇ ਪ੍ਰਧਾਨ ਮੰਤਰੀ ਉਨ੍ਹਾਂ ਦੇ ਕੰਮ ਕਰ ਰਹੇ ਹਨ। ਰੈਲੀ 'ਚ ਸੋਨੀਆ ਗਾਂਧੀ ਵੀ ਸ਼ਾਮਿਲ ਹੋਈ ਪਰ ਉਨ੍ਹਾਂ ਨੇ ਸੰਬੋਧਨ ਨਹੀਂ ਕੀਤਾ। ਰਾਹੁਲ ਗਾਂਧੀ ਨੇ ਕਿਹਾ ਕਿ ਦੋ ਸ਼ਬਦਾਂ ਦਾ ਇਕ ਮਤਲਬ ਨਹੀਂ ਹੋ ਸਕਦਾ। ਹਰ ਸ਼ਬਦ ਦਾ ਵੱਖਰਾ ਮਤਲਬ ਹੁੰਦਾ ਹੈ। ਦੇਸ਼ ਦੀ ਰਾਜਨੀਤੀ 'ਚ ਅੱਜ 2 ਸ਼ਬਦਾਂ ਦਾ ਮਤਲਬ ਵੱਖ ਹੈ। ਇਕ ਸ਼ਬਦ ਹਿੰਦੂ ਤੇ ਦੂਸਰਾ ਹਿੰਦੂਵਾਦੀ। ਇਹ ਇਕ ਚੀਜ਼ ਨਹੀਂ ਹੈ ਸਗੋਂ 2 ਅਲੱਖ ਸ਼ਬਦ ਹਨ ਅਤੇ ਇਨ੍ਹਾਂ ਦਾ ਮਤਲਬ ਬਿਲਕੁੱਲ ਵੱਖਰਾ ਹੈ। ਮੈਂ ਹਿੰਦੂ ਹਾਂ ਪਰ ਹਿੰਦੂਵਾਦੀ ਨਹੀਂ ਹਾਂ। ਮਹਾਤਮਾ ਗਾਂਧੀ ਹਿੰਦੂ ਸਨ ਅਤੇ ਨੱਥੂਰਾਮ ਗੋਡਸੇ ਹਿੰਦੂਵਾਦੀ ਸਨ। ਉਨ੍ਹਾਂ ਕਿਹਾ ਕਿ ਹਿੰਦੂ ਅਤੇ ਹਿੰਦੂਵਾਦੀ 'ਚ ਫ਼ਰਕ ਹੁੰਦਾ ਹੈ। ਹਿੰਦੂ ਸੱਤਾ ਨੂੰ ਲੱਭਦਾ ਹੈ। ਉਸ ਦਾ ਰਸਤਾ ਸੱਚਾ ਰਹਿੰਦਾ ਹੈ ਅਤੇ ਪੂਰੀ ਜ਼ਿੰਦਗੀ ਸੱਚ ਨੂੰ ਲੱਭਣ 'ਚ ਕੱਢ ਦਿੰਦਾ ਹੈ। ਜਦਕਿ ਹਿੰਦੂਵਾਦੀ ਪੂਰੀ ਜ਼ਿੰਦਗੀ ਸੱਤਾ ਨੂੰ ਲੱਭਣ ਅਤੇ ਸੱਤਾ ਪਾਉਣ 'ਚ ਕੱਢ ਦਿੰਦਾ ਹੈ। ਉਹ ਸੱਤਾ ਲਈ ਕਿਸੇ ਨੂੰ ਵੀ ਮਾਰ ਦੇਵੇਗਾ। ਰਾਹੁਲ ਨੇ ਕਿਹਾ ਕਿ ਤੁਸੀਂ ਸਭ ਹਿੰਦੂ ਹੋ ਹਿੰਦੂਵਾਦੀ ਨਹੀਂ। ਇਹ ਦੇਸ਼ ਹਿੰਦੂਆਂ ਦਾ ਦੇਸ਼ ਹੈ ਨਾ ਕਿ ਹਿੰਦੂਵਾਦੀਆਂ ਦਾ।

ਜੈਪੁਰ ਵਿਖੇ ਕਾਂਗਰਸ ਦੀ 'ਮਹਿੰਗਾਈ ਹਟਾਓ ਰੈਲੀ' ਦੌਰਾਨ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ।

ਓਮੀਕਰੋਨ ਦੇ 5 ਨਵੇਂ ਮਾਮਲੇ

(ਸਫਾ 1 ਦੀ ਬਾਕੀ)

ਓਮੀਕਰੋਨ ਦਾ ਮਾਮਲਾ ਮਿਲਿਆ ਹੈ। ਇਨ੍ਹਾਂ ਨੂੰ ਨਾਲ ਜੋੜਕੇ ਦੇਸ਼ 'ਚ ਹੁਣ ਤੱਕ ਓਮੀਕਰੋਨ ਦੇ 38 ਮਾਮਲੇ ਸਾਹਮਣੇ ਆ ਚੁੱਕੇ ਹਨ। ਇਸ ਤਰ੍ਹਾਂ ਮਹਾਰਾਸ਼ਟਰ 'ਚ 18, ਰਾਜਸਥਾਨ 'ਚ 9, ਕਰਨਾਟਕ 'ਚ 3, ਗੁਜਰਾਤ 'ਚ 3, ਦਿੱਲੀ 'ਚ 2, ਆਂਧਰਾ ਪ੍ਰਦੇਸ਼, ਚੰਡੀਗੜ੍ਹ ਅਤੇ ਕੇਰਲ 'ਚ ਕ੍ਰਮਵਾਰ 1-1 ਕੇਸ ਸਾਹਮਣੇ ਆਇਆ ਹੈ। ਕੇਰਲ ਦੇ ਸਿਹਤ ਮੰਤਰੀ ਵੀਨਾ ਜਾਰਜ ਨੇ ਦੱਸਿਆ ਕਿ ਕੋਚਿਨ 'ਚ ਓਮੀਕਰੋਨ ਦਾ ਪਹਿਲਾ ਮਾਮਲਾ ਸਾਹਮਣੇ ਆਇਆ ਹੈ। ਉਕਤ ਪੀੜਤ ਵਿਅਕਤੀ 6 ਦਸੰਬਰ ਨੂੰ ਇੰਗਲੈਂਡ ਤੋਂ ਆਇਆ ਸੀ। ਉਸ ਦੀ ਪਤਨੀ ਅਤੇ ਮਾਂ ਦੀ ਰਿਪੋਰਟ ਵੀ ਕੋਰੋਨਾ ਪਾਜ਼ੀਟਿਵ ਆਈ ਹੈ। ਇਸੇ ਤਰ੍ਹਾਂ ਆਂਧਰਾ ਪ੍ਰਦੇਸ਼ 'ਚ ਆਇਰਲੈਂਡ ਤੋਂ ਪਹੁੰਚੇ ਇਕ ਵਿਦੇਸ਼ ਯਾਤਰੀ 'ਚ ਓਮੀਕਰੋਨ ਦੀ ਪੁਸ਼ਟੀ ਹੋਈ ਹੈ। ਸੂਬੇ 'ਚ ਇਹ ਪਹਿਲਾ ਮਾਮਲਾ ਹੈ।

ਜੈਪੁਰ 'ਚ ਕਾਂਗਰਸ ਦੀ ਰੈਲੀ 'ਚ ਦੇਰੀ ਨਾਲ ਪੁੱਜੇ ਮੁੱਖ ਮੰਤਰੀ ਚੰਨੀ

ਸੋਨੀਆ ਤੇ ਰਾਹੁਲ ਨਾਲ ਹਵਾਈ ਅੱਡੇ 'ਤੇ ਕੀਤੀ ਮੁਲਾਕਾਤ

ਚੰਡੀਗੜ੍ਹ/ਜੈਪੁਰ, 12 ਦਸੰਬਰ (ਏਜੰਸੀਆਂ)-ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਐਤਵਾਰ ਨੂੰ ਜੈਪੁਰ 'ਚ ਦੇਰ ਨਾਲ ਪਹੁੰਚਣ ਕਾਰਨ ਕਾਂਗਰਸ ਦੀ ਰੈਲੀ 'ਚ ਸ਼ਾਮਿਲ ਨਹੀਂ ਹੋ ਸਕੇ। ਸ: ਚੰਨੀ ਨੇ ਪਾਰਟੀ ਨੇਤਾਵਾਂ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨਾਲ ਹਵਾਈ ਅੱਡੇ 'ਤੇ ਮੁਲਾਕਾਤ ਕੀਤੀ ਜਦੋਂ ਉਹ ਦਿੱਲੀ ਪਰਤ ਰਹੇ ਸਨ। ਮੁੱਖ ਮੰਤਰੀ ਦਫ਼ਤਰ (ਸੀ.ਐਮ.ਓ.) 'ਚ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮੁੱਖ ਮੰਤਰੀ ਨੂੰ ਹੈਲੀਕਾਪਟਰ ਨਾਲ ਜੁੜੇ ਕੁਝ ਤਕਨੀਕੀ ਕਾਰਨਾਂ ਦੇ ਚਲਦੇ ਕੁਝ ਮਿੰਟਾਂ ਦੀ ਦੇਰੀ ਹੋ ਗਈ। ਜੈਪੁਰ 'ਚ ਕਾਂਗਰਸ ਦੇ ਸੂਤਰਾਂ ਨੇ ਦੱਸਿਆ ਕਿ ਚੰਨੀ ਰੈਲੀ ਵਾਲੀ ਥਾਂ ਨਹੀਂ ਗਏ। ਸੀ.ਐਮ.ਓ. ਦੇ ਇਕ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਪਾਰਟੀ ਦੇ ਨੇਤਾਵਾਂ ਨਾਲ ਜੈਪੁਰ ਹਵਾਈ ਅੱਡੇ 'ਤੇ ਮੁਲਾਕਾਤ ਕੀਤੀ ਜਦੋਂ ਉਹ ਰਾਸ਼ਟਰੀ ਰਾਜਧਾਨੀ ਲਈ ਪਰਤ ਰਹੇ ਸਨ। ਚੰਨੀ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨਾਲ ਮੁਲਾਕਾਤ ਦੀਆਂ ਤਸਵੀਰਾਂ ਟਵਿੱਟਰ 'ਤੇ ਸਾਂਝੀਆਂ ਕੀਤੀਆਂ ਹਨ।

ਕੇਂਦਰ ਨੇ 'ਬੇਟੀ ਬਚਾਓ...

(ਸਫਾ 1 ਦੀ ਬਾਕੀ)

ਕਰੋੜ ਰੁਪਏ 'ਚੋਂ 78.91 ਫ਼ੀਸਦੀ ਹਿੱਸਾ ਲੜਕੀਆਂ ਦੀ ਸਿੱਖਿਆ ਤੇ ਸਿਹਤ ਜਿਹੀਆਂ ਭਲਾਈ ਯੋਜਨਾਵਾਂ 'ਤੇ ਖਰਚ ਕਰਨ ਦੀ ਬਜਾਏ ਵਿਗਿਆਪਨਾਂ 'ਤੇ ਕਰ ਦਿੱਤਾ ਗਿਆ। ਇਸ ਬਾਰੇ ਪੈਨਲ ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਕਮੇਟੀ 'ਬੇਟੀ ਬਚਾਓ ਬੇਟੀ ਪੜ੍ਹਾਓ' ਦਾ ਸੁਨੇਹਾ ਲੋਕਾਂ ਤੱਕ ਪਹੁੰਚਾਉਣਾ ਚਾਹੁੰਦੀ ਸੀ ਅਤੇ ਜਾਗਰੂਕਤਾ ਫੈਲਾਉਣ ਲਈ ਮੀਡੀਆ ਮੁਹਿਮ ਚਲਾਉਣ ਨੂੰ ਜ਼ਰੂਰੀ ਸਮਝਦੀ ਸੀ। ਇਸ ਮੁਹਿਮ ਸੰਬੰਧੀ ਪੈਨਲ ਦੀ ਅਗਵਾਈ ਮਹਾਰਾਸ਼ਟਰ ਤੋਂ ਭਾਜਪਾ ਦੀ ਸੰਸਦ ਹਿਨਾ ਵਿਜੇਕੁਮਾਰ ਗਾਵਿਤ ਕਰ ਰਹੀ ਹੈ। ਮਾਹਿਰਾਂ ਤੇ ਬਾਲ ਅਧਿਕਾਰ ਕਾਰਕੁਨਾਂ ਦਾ ਕਹਿਣਾ ਹੈ ਕਿ ਕੋਵਿਡ-19 ਮਹਾਂਮਾਰੀ ਦੇ ਚਲਦੇ ਵਿਦਿਆਰਥਣਾਂ ਤੱਕ ਸਿੱਖਿਆ ਦੀ ਪਹੁੰਚ ਬਹੁਤ ਘੱਟ ਹੋ ਸਕੀ ਹੈ।

ਕਿਸਾਨਾਂ ਖ਼ਿਲਾਫ਼ ਦਰਜ...

(ਸਫਾ 1 ਦੀ ਬਾਕੀ)

ਮੱਧ ਪ੍ਰਦੇਸ਼, ਉੱਤਰਾਖੰਡ, ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਦੀਆਂ ਸਰਕਾਰਾਂ ਤੁਰੰਤ ਪ੍ਰਭਾਵ ਨਾਲ ਕਿਸਾਨਾਂ ਖ਼ਿਲਾਫ਼ ਦਰਜ ਕੇਸ ਵਾਪਸ ਲੈਣ ਲਈ ਸਹਿਮਤ ਹੋ ਗਈਆਂ ਹਨ, ਜਦੋਂਕਿ ਦਿੱਲੀ ਅਤੇ ਹੋਰ ਰਾਜਾਂ 'ਚ ਕਿਸਾਨਾਂ ਖ਼ਿਲਾਫ਼ ਦਰਜ ਕੇਸ ਵੀ ਵਾਪਸ ਲਏ ਜਾਣਗੇ। ਬਾਅਦ 'ਚ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕੇਂਦਰੀ ਖੇਤੀ ਮੰਤਰੀ ਨੇ ਕਿਹਾ ਕਿ ਕੇਂਦਰ ਵਲੋਂ ਲੋਕਾਂ ਲਈ ਜਾਰੀ ਕੀਤਾ ਸਾਰਾ ਪੈਸਾ ਲਾਭਪਾਤਰੀਆਂ ਤੱਕ ਪਹੁੰਚ ਰਿਹਾ ਹੈ, ਕਿਉਂਕਿ ਵਿਚੋਲਿਆਂ ਦੀ ਭੂਮਿਕਾ ਖ਼ਤਮ ਹੋ ਚੁੱਕੀ ਹੈ।

ਚੰਡੀਗੜ੍ਹ 'ਚ ਓਮੀਕਰੋਨ ਦੀ ਦਸਤਕ

ਚੰਡੀਗੜ੍ਹ, 12 ਦਸੰਬਰ (ਮਨਜੋਤ ਸਿੰਘ ਜੋਤ)-ਚੰਡੀਗੜ੍ਹ 'ਚ ਕੋਰੋਨਾ ਵਾਇਰਸ ਦੇ ਨਵੇਂ ਰੂਪ ਓਮੀਕਰੋਨ ਨੇ ਦਸਤਕ ਦੇ ਦਿੱਤੀ ਹੈ। ਇਟਲੀ ਤੋਂ ਆਇਆ ਇਕ 20 ਸਾਲਾ ਨੌਜਵਾਨ ਓਮੀਕਰੋਨ ਪਾਜ਼ੀਟਿਵ ਪਾਇਆ ਗਿਆ ਹੈ ਹਾਲਾਂਕਿ ਉਸ ਨੇ ਇਟਲੀ ਤੋਂ ਟੀਕਾਕਰਨ ਦੀਆਂ ਦੋਵੇਂ ਖ਼ੁਰਾਕਾਂ ਵੀ ਲਈਆਂ ਹੋਈਆਂ ਸਨ। ਚੰਡੀਗੜ੍ਹ 'ਚ ਓਮੀਕਰੋਨ ਰੂਪ ਦਾ ਇਹ ਪਹਿਲਾ ਮਾਮਲਾ ਹੈ। ਉਕਤ ਨੌਜਵਾਨ 22 ਨਵੰਬਰ ਨੂੰ ਇਟਲੀ ਤੋਂ ਚੰਡੀਗੜ੍ਹ ਆਇਆ ਸੀ ਅਤੇ 1 ਦਸੰਬਰ ਨੂੰ ਉਸ ਦੀ ਕੋਰੋਨਾ ਰਿਪੋਰਟ ਪਾਜ਼ੀਟਿਵ ਆਈ ਸੀ। ਇਸ ਤੋਂ ਬਾਅਦ ਓਮੀਕਰੋਨ ਜਾਂਚ ਲਈ ਸੈਂਪਲ ਦਿੱਲੀ ਭੇਜਿਆ ਗਿਆ ਸੀ ਜਿਸ ਦੀ ਰਿਪੋਰਟ ਪਾਜ਼ੀਟਿਵ ਆਈ ਹੈ। ਚੰਡੀਗੜ੍ਹ ਸਿਹਤ ਵਿਭਾਗ ਅਨੁਸਾਰ ਨੌਜਵਾਨ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਚੰਡੀਗੜ੍ਹ ਆਇਆ ਸੀ। ਇਸ ਤੋਂ ਬਾਅਦ ਨੌਜਵਾਨ ਨੂੰ ਘਰ ਵਿਚ ਇਕਾਂਤਵਾਸ ਕਰ ਦਿੱਤਾ ਸੀ। ਜਿਨੋਮ ਸੀਕਵੈਂਸਿਗ ਲਈ ਨੌਜਵਾਨ ਦਾ ਸੈਂਪਲ ਐਨ.ਸੀ.ਡੀ.ਸੀ. ਦਿੱਲੀ ਭੇਜਿਆ ਗਿਆ ਸੀ ਜਿਸ ਵਿਚ ਉਸ ਨੂੰ ਓਮੀਕਰੋਨ ਤੋਂ ਪੀੜਤ ਹੋਣ ਦੀ ਪੁਸ਼ਟੀ ਹੋਈ ਹੈ। ਨੌਜਵਾਨ ਦੇ ਸੱਤ ਪਰਿਵਾਰਕ ਮੈਂਬਰਾਂ ਨੂੰ ਵੀ ਇਕਾਂਤਵਾਸ ਕੀਤਾ ਗਿਆ ਹੈ, ਜਿਨ੍ਹਾਂ ਦੀ ਆਰ. ਟੀ. ਪੀ. ਸੀ.ਆਰ. ਰਿਪੋਰਟ ਪਹਿਲਾਂ ਨੈਗੇਟਿਵ ਆਈ ਸੀ ਜਦ ਕਿ ਅੱਜ ਦੁਬਾਰਾ ਟੈਸਟ ਕਰਨ 'ਤੇ ਪੰਜ ਪਰਿਵਾਰਕ ਮੈਂਬਰਾਂ ਦੀ ਕੋਰੋਨਾ ਰਿਪੋਰਟ ਪਾਜ਼ੀਟਿਵ ਅਤੇ ਇਕ ਦੀ ਕੋਰੋਨਾ ਰਿਪੋਰਟ ਨੈਗੇਟਿਵ ਆਈ ਹੈ ਜਦਕਿ ਇਕ ਮੈਂਬਰ ਦੀ ਰਿਪੋਰਟ ਅਜੇ ਆਉਣੀ ਹੈ। ਉਕਤ ਨੌਜਵਾਨ ਨੂੰ ਪਿਛਲੇ 11 ਦਿਨਾਂ ਤੋਂ ਇਕਾਂਤਵਾਸ 'ਚ ਰੱਖਿਆ ਗਿਆ ਸੀ। ਅੱਜ ਉਸ ਦਾ ਸੈਂਪਲ ਦੁਬਾਰਾ ਆਰ.ਟੀ.ਪੀ.ਸੀ.ਆਰ. ਲਈ ਭੇਜਿਆ ਗਿਆ ਜਿਸ ਤੋਂ ਬਾਅਦ ਉਸ ਦੀ ਕੋਰੋਨਾ ਰਿਪੋਰਟ ਨੈਗੇਟਿਵ ਆਈ ਹੈ।

ਇਟਲੀ ਤੋਂ ਆਏ ਨੌਜਵਾਨ ਦੀ ਓਮੀਕਰੋਨ ਰਿਪੋਰਟ ਆਈ ਪਾਜ਼ੀਟਿਵ

ਅੱਤਵਾਦ ਜ਼ਰੀਏ ਭਾਰਤ ਦੀ ਸ਼ਾਂਤੀ ਭੰਗ...

(ਸਫਾ 1 ਦੀ ਬਾਕੀ)

ਪਹਿਲਾਂ ਉਨ੍ਹਾਂ ਵਲੋਂ 'ਵਾਲ ਆਫ ਫੇਮ-1971 ਭਾਰਤ-ਪਾਕਿ ਜੰਗ' ਦਾ ਉਦਘਾਟਨ ਵੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਇਸ ਗੋਲਡਨ ਜੁਬਲੀ ਜਸ਼ਨ ਨੂੰ ਹੋਰ ਸ਼ਾਨਦਾਰ ਢੰਗ ਨਾਲ ਮਨਾਉਣ ਦੀ ਯੋਜਨਾ ਬਣਾਈ ਸੀ ਪਰ ਦੇਸ਼ ਦੇ ਪਹਿਲੇ ਚੀਫ਼ ਆਫ਼ ਡਿਫੈਂਸ ਸਟਾਫ (ਸੀ. ਡੀ. ਐਸ.) ਜਨਰਲ ਬਿਪਿਨ ਰਾਵਤ, ਉਨ੍ਹਾਂ ਦੀ ਪਤਨੀ ਤੇ 11 ਹੋਰ ਹਥਿਆਰਬੰਦ ਬਲਾਂ ਦੇ ਅਧਿਕਾਰੀਆਂ ਤੇ ਜਵਾਨਾਂ ਦੀ ਬੇਵਕਤੀ ਮੌਤ ਕਾਰਨ ਇਸ ਸਮਾਗਮ ਨੂੰ ਸਾਦਗੀ ਨਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ। ਰੱਖਿਆ ਮੰਤਰੀ ਵਲੋਂ ਹੈਲੀਕਾਪਟਰ ਹਾਦਸੇ 'ਚ ਮਾਰੇ ਗਏ ਜਨਰਲ ਬਿਪਿਨ ਰਾਵਤ ਤੇ ਹੋਰਾਂ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ ਗਈ।

ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਸ਼ਾਨਦਾਰ ਬਣਾ ਕੇ 24 ਲੱਖ ਬੱਚਿਆਂ ਦਾ ਭਵਿੱਖ ਸੁਨਹਿਰੀ ਬਣਾਵਾਂਗੇ-ਕੇਜਰੀਵਾਲ

ਕਿਹਾ, ਪੰਜਾਬ 'ਚ ਸਰਕਾਰੀ ਸਕੂਲਾਂ ਦੀ ਹਾਲਤ ਬਹੁਤ ਬੁਰੀ

ਚੰਡੀਗੜ੍ਹ, 12 ਦਸੰਬਰ (ਅਜੀਤ ਬਿਊਰੋ)- 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕ